# ** ਸਿੱਖ ਦੇ ਘਰਾਂ, ਗੁਰਦੁਆਰਿਆਂ ਅਤੇ ਮੁੱਖ ਧਾਰਮਿੱਕ ਸਥਾਨਾਂ ਵਿੱਚ ਹੋ ਰਹੀਆਂ ਮੰਨਮੱਤਾਂ।

ਕਿਸ਼ਤ ਨੰਬਰ 15

(ਲੜੀ ਜੋੜਨ ਲਈ ਕਿਸ਼ਤ ਨੰਬਰ 1, 2, 3, 4, 5, 6, 7, 8, 9, 10, 11, 12, 13, 14 ਪੜ੍ਹੋ ਜੀ।)

. ਕੀ! ! ਸਿੱਖ ਸਮਾਜ ਵਿੱਚ ਆਮ ਧਾਰਮਿੱਕ ਸਥਾਨਾਂ ਅਤੇ ਮੁੱਖ ਧਾਰਮਿੱਕ ਸਥਾਨਾਂ ਉੱਪਰ 'ਸਿੱਖ-ਔਰਤ' ਨੂੰ ਉਸਦਾ ਬਣਦਾ 'ਅਦਬ, ਆਦਰ, ਮਾਨ-ਸਨਮਾਨ, ਸਤਿਕਾਰ' ਦਿੱਤਾ ਜਾਂਦਾ ਹੈ? ? . . . . ਜਵਾਬ ਹੈ. . ਨਹੀਂ।

.'ਔਰਤ' ਨੂੰ ਉਸਦਾ ਬਣਦਾ 'ਅਦਬ, ਆਦਰ, ਮਾਨ-ਸਨਮਾਨ, ਸਤਿਕਾਰ' ਨਾ ਦੇਣਾ, ਦਬਾਅ ਕੇ ਰੱਖਣਾ, ਪੁਜਾਰੀਆਂ ਦਾ/ਗਰੰਥੀਆਂ ਦੀ ਮੁਰਖਤਾ ਭਰੀ ਆਪਣੀ ਮਨਮਾਨੀ ਕਰਨਾ, ਡਿਕਟੇਟਰਸ਼ਿੱਪ ਚਲਾਉਣਾ ਹੈ, . . ਇਹ ਮੰਨਮੱਤਾਂ-ਮੁੜਮੱਤਾਂ ਹਨ, ਦੱਕੀਆ-ਨੂਸੀ, ਪਿਛਾਂਅ-ਖਿੱਚੂ ਬ੍ਰਾਹਮਣੀ ਵਿਚਾਰਾਂ/ਖਿਆਲਾਂ ਦੀ ਉੱਪਜ ਹੈ।

. ਜੋ ਬਾਬੇ ਨਾਨਕ ਦੇ ਫਲਸ਼ਫੇ ਨੂੰ ਮੰਨਣ ਵਾਲੇ ਭੇਖੀ ਧਾਰਮਿੱਕ ਮੋਹਰੀਆਂ/ਮੋਢੀਆਂ, ਲੀਡਰਾਂ ਨੇ ਬ੍ਰਾਹਮਣ ਦੀ ਪਾਰੰਪਰਾਵਾਦੀ ਸੋਚ ਦੇ ਅਨੁਸਾਰ, ਉਹਨਾਂ ਦੀਆਂ ਬ੍ਰਾਹਮਣੀ ਮਾਨਤਾਵਾਂ ਨੂੰ ਸਿੱਖਾਂ ਦੇ ਧਾਰਮਿੱਕ ਸਥਾਨਾਂ ਵਿੱਚ ਚਲਾ ਰੱਖਿਆ ਹੈ, ਅਪਨਾਅ ਰਖਿਆ ਹੈ, ਉਹੀ ਵਹਿਮਾਂ ਭਰਮਾਂ ਪਾਖੰਡਾਂ ਵਾਲੀਆਂ ਚਾਲਾਂ ਚਲਾ ਰੱਖੀਆਂ ਹਨ, ਜੋ ਬ੍ਰਾਹਮਣ/ਪੁਜਾਰੀ/ਪਾਂਡਾ ਆਪਣੇ ਮੰਦਿਰਾਂ ਵਿੱਚ ਕਰਦਾ ਹੈ।।

. ਇਸ ਵਿਸ਼ੇ ਬਾਰੇ ਅੱਗੇ ਪੂਰੇ ਲੇਖ ਵਿੱਚ ਵਿਸਥਾਰ ਨਾਲ ਪੜ੍ਹਨਾ ਕਰੋ ਜੀ।

## ਸ਼ੂਦਰ, ਪਸ਼ੂ ਅਤੇ ਨਾਰੀ, ਤੀਨੋ ਤਾੜਨ ਕੇ ਅਧਿਕਾਰੀ।

. ਸਨਾਤਨ ਮੱਤ ਦੇ ਵੇਦਾਂ/ਸਿੰਮ੍ਰਤੀਆਂ ਵਿੱਚ ਅਜੇਹਾ ਪ੍ਰਵਚਨ ਲਿੱਖਿਆ ਮਿਲਦਾ ਹੈ।

. ਮੰਨੂੰ ਸਿਮ੍ਰਤੀ ਦੀ ਵੰਡ ਅਨੁਸਾਰ:-

. . 1. ਬ੍ਰਾਹਮਣ, (ਬ੍ਰਹਮਾਂ ਦੇ ਮੁੱਖ ਵਿਚੋਂ ਪੈਦਾ ਹੋਇਆ।) 2. ਛੱਤਰੀ/ਕਸ਼ੱਤਰੀ, (ਬ੍ਰਹਮਾ ਦੀ ਬਾਹਵਾਂ ਵਿਚੋਂ ਪੈਦਾ ਹੋਇਆ।) 3. ਵੈਸ਼, (ਬ੍ਰਹਮਾਂ ਦੀਆਂ ਲੱਤਾਂ ਵਿਚੋਂ ਪੈਦਾ ਹੋਇਆ।) 4. ਸ਼ੂਦਰ, (ਬ੍ਰਹਮਾਂ ਦੇ ਪੈਰਾਂ ਵਿਚੋਂ ਪੈਦਾ ਹੋਇਆ।) (ਸ਼ੂਦਰ - ਕੇਵਲ ਭਾਰਤੀ ਖਿੱਤੇ ਵਿਚ, ਮਨੁੱਖ ਦਾ, ਸੱਭ ਤੋਂ ਹੇਠਾਂ ਵਾਲਾ ਪੱਧਰ।)

.’**ਸ਼ੂਦਰ**’ – (ਉੱਪਰਲੀਆਂ ਤਿੰਨੋ ਸ਼੍ਰੇਣੀਆਂ ਦੀ ਸੇਵਾ, ਇਹਨਾਂ ਦੇ ਘਰਾਂ ਦੇ ਕੰਮਕਾਜ, ਖੇਤਾਂ ਵਿੱਚ ਕੰਮਕਾਰ ਕਰਨਾ, ਘਰਾਂ ਦੀ ਸਾਫ਼ -ਸਫ਼ਾਈ ਅਤੇ ਮੈਲਾ, ਕੂੜਾ ਕਰਕੱਟ ਬਾਹਰ ਸੁੱਟਣਾ।)

.’**ਪਸ਼ੂ**’ – ਸਾਰੇ ਚੋਪਾਇਆ ਜਾਨਵਰ। (ਬ੍ਰਹਮਣੀ ਸੋਚ ਅਨੁਸਾਰ ਸਾਰੇ ਜਾਨਵਰਾਂ ਨੂੰ ਡਰਾ ਧਮਕਾ ਕੇ ਹੀ ਰੱਖਣਾ ਚਾਹੀਦਾ ਹੈ।)

.’**ਨਾਰੀ**’ – ਸਾਰੀ ਮਨੁੱਖਾ ਜਾਤੀ ਦੀਆਂ ਔਰਤਾਂ। ( (ਸਨਾਤਨ ਮੱਤ ਵਿੱਚ ਔਰਤਾਂ ਨੂੰ ਭੋਗ-ਵਿਲਾਸ, ਭੋਗਣ ਦੀ ਵਸਤੂ, ਚੀਜ਼, ਸ਼ੈਅ ਸਮਝਿਆ ਜਾਂਦਾ ਸੀ (ਸਮੇਂ ਦੇ ਅਨੁਸਾਰੀ ਬਦਲਾਅ ਆ ਰਿਹਾ ਹੈ।) ਬ੍ਰਾਹਮਣੀ ਸਮਾਜ ਨੇ ਔਰਤ ਨੂੰ ਕੇਵਲ ਆਪਣੇ ਭੋਗ-ਵਿਲਾਸ ਲਈ ਅਤੇ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਦੇ ਤੌਰ ਤੇ ਵਰਤਿਆ ਹੈ। ਔਰਤ ਨੂੰ ਉਸਦਾ ਬਣਦਾ ਆਦਰ, ਮਾਣ ਸਤਿਕਾਰ ਦੇਣਾ ਨਹੀਂ ਕੀਤਾ। ਸਨਾਤਨ ਮੱਤ ਦੇ ਬ੍ਰਾਹਮਣੀ ਸਮਾਜ ਦੇ ਮੰਦਿਰਾਂ ਵਿੱਚ ਜਵਾਨ ਸੁੰਦਰ ਔਰਤਾਂ ਨੂੰ, ਮੰਦਿਰਾਂ ਵਿੱਚ ਦੇਵਤਿਆਂ ਦੀ ਸੇਵਾ, ਇਸ਼ਨਾਨ, ਸਜਾਉਣ ਦੇ ਲਈ, **‘ਦੇਵ-ਦਾਸੀਆਂ’** ਬਣਾ ਕਿ ਰੱਖਿਆ ਜਾਂਦਾ। ਦਿਨ ਵੇਲੇ ਇਹ ਔਰਤਾਂ ਪੱਥਰ ਦੀਆਂ ਮੂਰਤੀਆਂ ਨੂੰ ਨਵਾਉਣ/ਧੋਣ, ਸਜਾਉਣ ਦਾ ਕੰਮ ਕਰਦੀਆਂ। ਰਾਤਾਂ ਨੂੰ ਮੰਦਿਰ ਦਾ ਪੁਜਾਰੀ ਇਹਨਾਂ ਜਵਾਨ ਸੋਹਣੀਆਂ ਔਰਤਾਂ ਦਾ ਸੌਸ਼ਣ ਕਰਦਾ, ਆਪਣੀ ਕਾਮ ਵਾਸ਼ਨਾ ਦੀ ਪੂਰਤੀ ਕਰਦਾ। ਧਰਮ ਦੇ ਨਾਮ ਥੱਲੇ ਇਹ ਔਰਤ ਦੇ ਸੋਸ਼ਣ ਦੇ ਅੱਡੇ ਬਣੇ ਹੋਏ ਸਨ। ਧਰਮ ਦੇ ਮੰਦਿਰ ਹੋਣ ਕਰਕੇ ਕੋਈ ਵੀ ਮਨੁੱਖ ਇਸ ਸੋਸ਼ਣ ਵ੍ਰਿਤੀ ਦੇ ਵਿਰੋਧ ਵਿੱਚ ਆਵਾਜ਼ ਨਾ ਚੁੱਕ ਪਾਉਂਦਾ। ਅੱਜ ਵੀ ਕਈਆਂ ਹਿੰਦੂ ਮੰਦਿਰਾਂ ਵਿੱਚ ਅਜੇਹੀ ਪ੍ਰਥਾ ਚਾਲੂ ਹੈ।))

. ਇਹ ਤਿੰਨੋ ਸ਼੍ਰੇਣੀਆਂ ‘ਤਾੜਨ’ (ਤਾੜਨ - ਮਾਰਨਾ, ਕੁੱਟਣਾ, ਡਰਾਉਣਾ, ਧਮਕਾਉਣਾ) ਦੇ ਲਈ ਬਣੀਆਂ ਹਨ, ਯੋਗ ਹਨ। ਇਹਨਾਂ ਨੂੰ ਆਪਣੇ ਰੋਹਬ/ਦਬਾਅ/ਡਰ ਥੱਲੇ ਰੱਖਣਾ ਚਾਹੀਦਾ ਹੈ। (ਇਹ ਸਨਾਤਨੀ ਮੱਤ ਦਾ ਫਲਸ਼ਫਾ ਹੈ)

**. ਸਨਾਤਨ ਸਮਾਜ ਵਿੱਚ ਅੱਜ ਵੀ ਔਰਤ ਨੂੰ ਮਹਾਂਵਾਰੀ ਦੇ ਦਿਨਾਂ ਵਿੱਚ ਅਪਵਿੱਤਰ ਮੰਨਿਆ ਜਾਂਦਾ ਹੈ। ਉਸਨੂੰ ਮੰਦਿਰਾਂ ਵਿੱਚ ਜਾਣ ਦੀ ਮਨਾਹੀ ਹੈ।**

**.’ਸ਼ੂਦਰ ਔਰਤ’ ਨੂੰ ਤਾਂ ਕੀ, ਕਿਸੇ ਸ਼ੂਦਰ ਮਰਦ ਨੂੰ ਵੀ ਕਿਸੇ ਵੀ ਉੱਚ ਜ਼ਾਤੀ ਦੇ ਕਿਸੇ ਵੀ ਸਥਾਨ ਉੱਪਰ ਜਾਣ ਦੀ ਮਨਾਹੀ ਹੈ, ਧਾਰਮਿੱਕ ਸਥਾਨ ਵਿੱਚ ਜਾਣਾ ਤਾਂ ਬਹੁਤ ਦੂਰ ਦੀ ਗੱਲ ਹੈ।**

**. ਮੁਸਲਿਮ ਸਮਾਜ ਵਿੱਚ ਵੀ ‘ਮੁਸਲਿਮ-ਔਰਤ’ ਨੂੰ ਮਸਜਿਦ ਵਿੱਚ ਜਾ ਕੇ ਮਰਦਾਂ ਦੇ ਬਰਾਬਰ ਨਮਾਜ਼ ਅਦਾ ਕਰਨ ਦਾ ਹੱਕ ਨਹੀਂ ਹੈ। ਔਰਤਾਂ ਨੂੰ ‘ਅੱਲਾ’ ਦੀ ਇਬਾਦਿੱਤ ਕਰਨ ਲਈ ਅਲੱਗ ਜਗਹ ਉੱਪਰ ਆਪਣੀ ਨਮਾਜ਼ ਅਦਾ ਕਰਨੀ ਪੈਂਦੀ ਹੈ।**

**. ਮੁਸਲਿਮ ਸਮਾਜ ਵਿੱਚ ਕੋਈ ਵੀ ਮੁਸਲਿਮ-ਮਰਦ ਆਪਣੇ ਜੀਵਨ ਵਿੱਚ ਘਰ-ਗ੍ਰਿਹਸਤੀ ਚਲਾਉਣ ਲਈ ਚਾਰ-ਚਾਰ ਔਰਤਾਂ ਨਾਲ ਨਿਕਾਹ ਕਰਕੇ ਭੋਗ-ਵਿਲਾਸ ਭਰੀ ਜ਼ਿੰਦਗੀ ਜਿਉਂਣਾ ਕਰ ਸਕਦਾ ਹੈ। ਇਹਨਾਂ ਔਰਤਾਂ ਤੋਂ ਦਰਜ਼ਨਾਂ ਬੱਚੇ ਪੈਦਾ ਕਰ ਸਕਦਾ ਹੈ। ਪਰ ਆਪਣੀਆਂ ਔਰਤਾਂ ਨੂੰ ‘ਬੁਰਕੇ’ ਦੇ ਬਿਨਾਂ ਘਰੋਂ ਚੋਂ ਬਾਹਰ ਨਹੀਂ ਨਿਕਲਣ ਦਿੰਦਾ। (ਬੁਰਕਾ – ਕਾਲੇ ਰੰਗ ਦਾ ਲਿਬਾਸ, ਜੋ ਸਿਰ ਤੋਂ ਲੈ ਕੇ ਪੈਰ ਤੱਕ ਮੁਸਲਿਮ ਔਰਤ ਦਾ ਸਰੀਰ ਨੂੰ ਢੱਕਦਾ ਹੈ।)**

. ਸਮੇਂ ਸਮੇਂ ਸਮਾਜਿੱਕ ਕੁਰੀਤੀਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲਿਆਂ ਨੇ, ਇਹਨਾਂ ਬ੍ਰਾਹਮਣੀ, ਪਰਾਪੰਰਾਵਾਦੀ ਕੁਰੀਤੀਆਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ। ਧਾਰਮਿੱਕਤਾ ਦੇ ਨਾਮ ਥੱਲੇ ਸੋਸ਼ਣ ਕਰਨ ਵਾਲਿਆਂ ਮੁਸ਼ਟੰਡਿਆਂ, ਬ੍ਰਹਮਣਾਂ, ਕਾਜ਼ੀਆਂ ਨੂੰ ਲਾਹਨਤਾਂ ਵੀ ਪਾਈਆਂ।

. ਬਾਬਾ ਨਾਨਕ ਜੀ ਨੇ ਆਪਣੇ ਸਮੇਂ ਵਿੱਚ ਆਪਣੀ ਆਵਾਜ਼ ਬੁਲੰਦ ਕੀਤੀ ਤੇ ਕਿਹਾ:

"ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ।" ਮ4॥ 310॥

. ਬੇਸ਼ੱਕ ਕਹਿਣ ਨੂੰ ਤਾਂ ਸਿੱਖ ਸਮਾਜ ਵਿੱਚ 'ਔਰਤ' ਨੂੰ ਬਰਾਬਰਤਾ ਵਾਲਾ ਦਰਜ਼ਾ ਦੇਣ ਦੀ ਗੱਲ ਕੀਤੀ ਜਾਂਦੀ ਹੈ, ਪਰ **'ਸੱਚਾਈ'** ਇਸਦੇ ਬਿੱਲਕੁੱਲ ਉੱਲਟ ਹੈ, ਕੁੱਝ ਹੋਰ ਹੀ ਹੈ। ਅੱਜ ਵੀ ਸਿੱਖ ਸਮਾਜ ਦੇ ਪੁਜਾਰੀਆਂ ਵਿੱਚ ਇਸੇ ਸਨਾਤਨੀ ਮੱਤ ਦੀ ਬ੍ਰਾਹਮਣੀ ਮਨੋ-ਬਿਰਤੀ ਨੂੰ ਅਪਨਾਇਆ ਜਾ ਰਿਹਾ ਹੈ।

- ਸਿੱਖ ਪੁਜਾਰੀ ਲਾਣਾ, ਟਕਸਾਲੀ, ਨਿਰਮਲੇ ਸਾਧ, ਵਿਹਲੜ ਬਾਬੇ, ਨਿਹੰਙ ਦਲ, ਮਹਾਂਵਾਰੀ/ਸਿਰਨਾਵਣੀ ਦੇ ਦਿਨਾਂ ਵਿੱਚ ਔਰਤ ਨੂੰ ਅਪਵਿੱਤਰ ਮੰਨਦੇ ਹਨ, ਅਤੇ ਇਸ ਵਿਚਾਰ ਦੀ ਪ੍ਰੋੜਤਾ ਵੀ ਆਪਣੇ ਪ੍ਰਚਾਰ ਦੌਰਿਆਂ ਵਿੱਚ ਕਰਦੇ ਵੇਖੇ ਜਾ ਸਕਦੇ ਹਨ।
- ਇਸ ਵਿਹਲੜ ਲਾਣੇ ਨੂੰ ਕੁੱਝ ਸਵਾਲ ਹਨ ? ?
- ਮਹਾਂਵਾਰੀ ਦੇ ਦਿਨਾਂ ਵਿੱਚ ਔਰਤ ਧਾਰਮਿੱਕ ਸਥਾਨਾਂ ਉੱਪਰ ਸੇਵਾ ਨਹੀਂ ਕਰ ਸਕਦੀ। ਕਿਉਂ ...? ?
- ਮਹਾਂਵਾਰੀ ਦੇ ਦਿਨਾਂ ਵਿੱਚ ਔਰਤ ਧਾਰਮਿੱਕ ਸਥਾਨਾਂ ਤੇ ਕੀਰਤਨ ਨਹੀਂ ਕਰ ਸਕਦੀ। ਕਿਉਂ ...? ?
- ਮਹਾਂਵਾਰੀ ਦੇ ਦਿਨਾਂ ਵਿੱਚ ਔਰਤ! ! ਅਜੇਹਾ ਕੀ ਗੁਨਾਹ ਕਰ ਦਿੰਦੀ ਹੈ? ?
- ਮਹਾਂਵਾਰੀ ਦੇ ਦਿਨਾਂ ਵਿੱਚ ਔਰਤ ਨੂੰ ਅਪਵਿੱਤਰ ਕਿਉਂ ਗਰਦਾਨਿਆ ਜਾਂਦਾ ਹੈ? ?
- ਮਹਾਂਵਾਰੀ ਦੇ ਦਿਨਾਂ ਵਿੱਚ ਔਰਤ ਅਪਵਿੱਤਰ ਕਿਉਂ ਹੋ ਜਾਂਦੀ ਹੈ? ?
- ਮਹਾਂਵਾਰੀ ਦੇ ਦਿਨਾਂ ਵਿੱਚ ਔਰਤ, ਕੀ ਆਪਣੀ ਮਰਜ਼ੀ ਨਾਲ ਇਹ ਮਹਾਂਵਾਰੀ ਦੇ ਦਿਨਾਂ ਦੀ ਸੁਰੂਆਤ ਕਰਦੀ ਹੈ? ?
- ਮਹਾਂਵਾਰੀ ਦੇ ਦਿਨਾਂ ਵਿੱਚ ਔਰਤ, ਕੀ ਆਪਣੀ ਇੱਛਾ ਨਾਲ ਆਪਣੇ ਸਰੀਰ ਵਿੱਚ ਇਹ ਪ੍ਰੀਵਰਤਣ ਲਿਆਉਣਾ ਚਾਹੁੰਦੀ ਹੈ? ?
- ਮਹਾਂਵਾਰੀ ਦੇ ਦਿਨਾਂ ਦਾ ਆਉਣਾ, ਔਰਤ ਲਈ ਕੁੱਦਰਤੀ-ਵਰਤਾਰਾ ਹੈ। ਇਹ ਇੱਕ 'ਕਰਤੇ-ਕਰਤਾਰ' ਦਾ ਬਣਾਇਆ ਖੇਲ ਹੈ, ਸਾਈਕਲ ਹੈ, ਚੱਕਰ ਹੈ, ਜੋ ਸਾਰੇ ਮਾਦਾ ਸਰੀਰਾਂ ਵਿੱਚ ਵਾਪਰਦਾ ਹੈ। **ਇਹ ਕੁੱਦਰਤੀ-ਵਰਤਾਰਾ ਮਾਦਾ-ਸਰੀਰਾਂ ਵਾਸਤੇ ਅੱਗੇ ਬੱਚੇ ਪੈਦਾ ਕਰਨ ਦਾ ਸੰਕੇਤ ਹੈ, ਇਸ਼ਾਰਾ ਹੈ, ਮੌਕਾ ਹੈ, ਸਮਾਂ ਹੈ। ਹਰ ਔਰਤ ਮਾਂ ਬਣਕੇ ਹੀ ਆਪਣੇ ਆਪ ਨੂੰ ਸੰਪੂਰਨ ਔਰਤ ਮੰਨਦੀ ਹੈ। ਹਰ ਔਰਤ ਮਾਂ ਬਣਕੇ ਆਪਣੇ ਆਪ ਦੇ ਧੰਨ ਭਾਗ ਸਮਝਦੀ ਹੈ।**
- . ਮਹਾਂਵਾਰੀ: (ਅੱਗੇ ਆਉਣ ਵਾਲੀ ਸੰਤਾਨ ਦੀ ਉਤਪੱਤੀ ਲਈ, ਹਰ ਸ਼੍ਰੇਣੀ ਦੇ ਮਾਦਾ-ਸਰੀਰ ਵਿਚ, ਉਸਦੇ ਬੱਚੇ ਪੈਦਾ ਕਰਨ ਦੀ ਕਾਬਲੀਅਤ ਹੈ, ਜੋ ਮਾਦਾ ਸਰੀਰ ਦੇ ਜਵਾਨ ਹੋਣ ਨਾਲ, ਪੈਦਾ ਹੋਣੀ ਸੁਰੂ ਹੋ ਜਾਂਦੀ ਹੈ। ਇਸ ਮਹਾਂਵਾਰੀ ਸਾਈਕਲ ਦੌਰਾਨ ਮਾਦਾ ਦੇ ਸਰੀਰ ਦੀਆਂ ਫੈਲੋਪਿਨ ਟਿਉਬਜ਼ ਵਿੱਚ ਇੱਕ ਆਂਡਾ ਪ੍ਰਵੇਸ਼ ਕਰਦਾ ਹੈ। ਇਸ ਆਂਡੇ ਦੇ ਬਨਣ ਦੀ ਪਰਕਿਰਿਆ ਵੀ **'ਕਰਤੇ-ਕਰਤਾਰ'** ਨੇ ਹਰ ਮਾਦਾ-ਸਰੀਰ ਦੇ ਅੰਦਰ ਪਾਈ ਹੋਈ ਹੈ। ਜੋ 29 ਦਿਨਾਂ ਦਾ ਸਾਈਕਲ ਹੈ, ਚੱਕਰ ਹੈ, (ਕਿਸੇ ਵੀ ਮਾਦਾ ਦਾ ਇਹ ਚੱਕਰ 29 ਦਿਨਾਂ ਤੋਂ ਵੱਧ-ਘੱਟ ਵੀ ਹੋ ਸਕਦਾ ਹੈ)। ਇਹ ਸਾਈਕਲ/ਚੱਕਰ 5 ਦਿਨਾਂ ਤੱਕ ਰਹਿੰਦਾ ਹੈ। ਇਹਨਾਂ 5 ਦਿਨਾਂ ਦੇ ਦੌਰਾਨ ਫੈਲੋਪਿੰਨ ਟਿਉਬ ਵਿੱਚ ਇੱਕ ਨਵਾਂ ਆਂਡਾ ਤਿਆਰ ਹੁੰਦਾ ਹੈ। 1 ਮਹੀਨਾ ਪਹਿਲਾਂ ਆਇਆ ਆਂਡਾ, ਬੇਕਾਰ ਹੋ ਜਾਂਦਾ ਹੈ, ਖੁਨ ਰਾਹੀ ਬਾਹਰ

ਨਿਕਲ ਜਾਂਦਾ ਹੈ। ਇਸ ਨਵੇਂ ਆਏ ਆਂਡੇ ਦਾ 'ਮਰਦ' ਦੇ ਵੀਰਯ ਵਿਚਲੇ ਸ਼ੁਕਰਾਨੂੰ ਨਾਲ ਸੰਬੰਧ ਬਨਣ ਤੇ ਇਹ ਆਂਡਾ ਬੱਚਾ ਪੈਦਾ ਕਰਨ ਦੇ ਯੋਗ ਹੋ ਜਾਂਦਾ ਹੈ। ਫਿਰ ਇਹ ਆਂਡਾ ਅੱਗੇ ਚੱਲ ਕੇ ਮਾਦਾ ਦੇ ਗਰਭ ਵਿੱਚ ਆ ਜਾਂਦਾ ਹੈ। ਜਿਥੇ ਬੱਚੇ ਦੇ ਮਨੁੱਖਾ-ਸਰੀਰ ਬਨਣ ਦੀ ਅੱਗਲੀ ਪਰਕਿਰਿਆ/ਕਾਰਵਾਹੀ ਸੁਰੂ ਹੋ ਜਾਂਦੀ ਹੈ। ਬੱਚੇ ਦੇ ਸਰੀਰ ਬਨਣ ਦੀ ਕਿਰਿਆ ਦੇ ਨਾਲ ਹੀ ਇਹ **ਮਹਾਂਵਾਰੀ ਦੀ ਪਰਕਿਰਿਆ ਬੰਦ ਹੋ ਜਾਂਦੀ ਹੈ। . . . .**




- **. ਬੱਚਾ ਪੈਦਾ ਹੋਣ ਤੋਂ ਬਾਅਦ, ਜਿਹੜੀਆਂ ਮਾਵਾਂ ਲਗਾਤਾਰ ਆਪਣੇ ਬੱਚੇ ਨੂੰ ਆਪਣੀ ਛਾਤੀ ਦਾ ਦੁੱਧ ਪੀਆਉਦੀਆਂ ਹਨ, ਉਹਨਾਂ ਦੀ ਮਹਾਂਵਾਰੀ ਦੀ ਪਰਕਿਰਿਆ 10 ਤੋਂ 12 ਮਹੀਨੇ ਤੱਕ ਬੰਦ ਰਹਿ ਸਕਦੀ ਹੈ। ਜਿੜੀਆਂ ਮਾਵਾਂ ਬੱਚੇ ਨੂੰ ਆਪਣਾ ਦੁੱਧ ਨਾ ਪਿਆ ਕੇ ਬਾਹਰਲਾ ਦੁੱਧ ਪੀਆਉਦੀਆਂ ਹਨ, ਉਹਨਾਂ ਮਾਵਾਂ ਵਿੱਚ ਇਹ ਮਹਾਂਵਾਰੀ ਦੀ ਪਰਕਿਰਿਆ 2 ਤੋਂ 3 ਮਹੀਨੇ ਵਿੱਚ ਸੁਰੂ ਹੋ ਸਕਦੀ ਹੈ।** (ਇਹ ਪਰਕਿਰਿਆ ਹਰ ਮਾਦਾ-ਸਰੀਰ ਦੀ ਆਪਣੀ-ਆਪਣੀ ਅਲੱਗ-ਅਲੱਗ ਹੋ ਸਕਦੀ ਹੈ।) **ਮਾਦਾ ਸਰੀਰ ਦਾ ਇਹ ਕੁੱਦਰਤੀ ਸਾਈਕਲ/ਚੱਕਰ 50-55 ਸਾਲ ਦੀ ਉੱਮਰ ਤੱਕ ਚੱਲਦਾ ਹੈ। ਉਸ ਦੇ ਬਾਅਦ ਇਹ ਸਾਈਕਲ/ਚੱਕਰ ਬੰਦ ਹੋ ਜਾਂਦਾ ਹੈ। ਇਹ ਮਹਾਂਵਾਰੀ ਦਾ ਸਾਈਕਲ-ਚੱਕਰ ਬੰਦ ਹੋਣ ਤੋਂ ਬਾਅਦ ਕੋਈ ਵੀ ਮਾਦਾ-ਸਰੀਰ ਆਪਣੇ ਬੱਚੇ ਪੈਦਾ ਨਹੀਂ ਕਰ ਸਕਦਾ, ਕਿਉਂਕਿ ਆਂਡੇ ਬਨਣੇ ਬੰਦ ਹੋ ਜਾਂਦੇ ਹਨ। ਕਈ ਪੱਖਾਂ ਤੋਂ ਮਾਦਾ ਸਰੀਰ ਵਿੱਚ ਬਦਲਾਅ ਆਉਂਣੇ ਸੁਰੂ ਹੋ ਜਾਂਦੇ ਹਨ।**

- **ਮਹਾਂਵਾਰੀ/ਸਿਰਨਾਵਣੀ ਇੱਕ ਕੁੱਦਰਤੀ ਵਰਤਾਰਾ ਹੈ, ਜੋ ਮਾਦਾ ਸਰੀਰ ਵਿੱਚ ਸੁੱਤੇ-ਸਿੱਧ ਵਰਤਦਾ ਹੈ। ਇਸ ਵਿੱਚ ਕਿਸੇ ਤਰਾਂ ਦੀ ਕੋਈ ਅਪਵਿੱਤਰਤਾ ਨਹੀਂ ਹੈ। ਕੋਈ ਅਸ਼ੁੱਧਤਾ ਨਹੀਂ ਹੈ। ਕੋਈ ਬੁਰਾਈ ਨਹੀਂ ਹੈ। ਅਗਰ ਔਰਤ ਸਰੀਰ ਅੰਦਰ ਮਹਾਂਵਾਰੀ ਨਾ ਆਏ ਤਾਂ ਅੱਗੇ ਬੱਚੇ ਪੈਦਾ ਹੀ ਨਹੀਂ ਹੋ ਸਕਦੇ।**

- . ਇਸ ਸੰਸਾਰ ਦੇ ਜੀਵਾਂ ਦਾ ਮਹਾਂਵਾਰੀ/ਸਿਰਨਾਵਣੀ ਤੋਂ ਬਿਨਾਂ, ਅੱਗੇ ਹੋਰ ਸੰਤਾਨ ਪੈਦਾ ਕਰਨਾ ਨਾ-ਮੁੰਮਕਿੰਨ ਹੈ। ਇਹ ਸੰਸਾਰ ਵਿੱਚ ਜੀਵਾਂ ਦੀਆਂ ਸ਼੍ਰੇਣੀਆਂ ਖਤਮ ਹੋ ਜਾਣਗੀਆਂ।

. ਔਰਤ, ਜ਼ਨਾਨੀ, ਇਸਤਰੀ, ਪਤਨੀ, ਮਾਦਾ, ਨਾਰੀ, ਅਰਧਾਗਿੰਨੀ, ਜੋਰੂ, ਵੋਮੈਨ, ਫੀਮੇਲ, . . . ਇਸ ਤਰਾਂ ਦੇ ਨਾਮ ਦੇ ਰੱਖੇ ਹਨ, ਮਰਦ-ਸਮਾਜ ਦੇ ਮਰਦਾਂ ਨੇ, ਔਰਤ ਦੇ ਵਯੂਦ/ਸਰੀਰ ਨੂੰ।

'ਕਾਇਨਾਤ' ਵਿੱਚ 'ਕਰਤੇ-ਕਰਤਾਰ' ਨੇ ਸਾਰੀਆਂ ਖਾਣੀਆਂ ਦੇ ਜੀਵਾਂ ਵਿਚ, 'ਦੋ' ਤਰਾਂ ਦੇ ਸਰੀਰਾਂ ਦੀ ਰਚਨਾ ਕਰਨਾ ਕੀਤਾ ਹੈ, 'ਨਰ' ਅਤੇ 'ਮਾਦਾ'।

ਸਾਰੀਆਂ ਸ਼੍ਰੇਣੀਆਂ ਦੇ ਜੀਵਾਂ ਦੀਆਂ ਸ਼ਕਲਾਂ-ਸੂਰਤਾਂ ਅਲੱਗ ਅਲੱਗ ਹਨ। "ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥ ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ॥ ਅੰਡਜ ਜੇਰਜ ਉਭੁਜ ਸੇਤਜ ਤੇਰੇ ਕੀਤੇ ਜੰਤਾ॥ ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ॥ ਮ1॥ 596॥

. ਵਿਚਾਰ ਮਨੁੱਖਾ ਸ਼੍ਰੇਣੀ ਬਾਰੇ ਹੀ ਕਰਾਂਗੇ:- ਮਨੁੱਖਾ ਸ਼੍ਰੇਣੀ ਵਿੱਚ ਮੁੱਖ ਦੋ ਤਰਾਂ ਦੇ ਹੀ ਸਰੀਰ ਹਨ।

1। ਮਰਦ/ਨਰ/ਮੇਲ ਸਰੀਰ।
2। ਔਰਤ/ਨਾਰੀ/ਫੀਮੇਲ ਸਰੀਰ।



{{{{{ **** (ਮਨੁੱਖਾ ਸਮਾਜ ਵਿੱਚ ਤੀਜੀ ਅਤੇ ਚੌਥੀ ਸ਼੍ਰੇਣੀ ਦੇ ਮਨੁੱਖ ਵੀ ਵੇਖਣ ਵਿੱਚ ਆਏ ਹਨ।

ਤੀਜੀ ਸ਼੍ਰੇਣੀ- ਉਹਨਾਂ ਮਰਦ ਸਰੀਰਾਂ ਦੀ ਹੈ। ਜੋ ਵੇਖਣ ਵਿੱਚ ਮਰਦ ਦਿੱਖਦੇ ਹਨ, ਪਰ ਪੂਰਨ ਮਰਦ ਨਹੀਂ ਹਨ। ਇਹ ਅੱਗੇ ਸੰਤਾਨ ਉੱਤਪੱਤੀ ਨਹੀਂ ਕਰ ਸਕਦੇ। ਇਹਨਾਂ ਦੇ ਸਰੀਰ ਦੇ ਅੰਦਰ ਜੀਨੈਟਿੱਕ ਸਿਸਟਿੱਮ ਵਿੱਚ ਅਧੂਰਾਪਣ ਹੁੰਦਾ ਹੈ। ਇਹਨਾਂ ਨੂੰ ਹੀਜੜੇ ਜਾਂ ਖੁਸਰੇ ਦਾ ਨਾਮ ਵੀ ਦਿੱਤਾ ਗਿਆ ਹੈ।

ਚੌਥੀ ਸ਼੍ਰੇਣੀ- ਉਹਨਾਂ ਔਰਤ ਸਰੀਰਾਂ ਦੀ ਹੈ, ਜੋ ਵੇਖਣ ਵਿੱਚ ਔਰਤਾਂ ਵਿਖਾਈ ਦਿੰਦੇ ਹਨ, ਪਰ ਪੂਰਨ ਔਰਤਾਂ ਨਹੀਂ ਹਨ। ਇਹ ਔਰਤਾਂ ਵੀ ਅੱਗੇ ਸੰਤਨ ਉੱਤਪੱਤੀ ਨਹੀਂ ਕਰ ਸਕਦੀਆਂ। ਇਹਨਾਂ ਦੇ ਸਰੀਰ ਦੇ ਅੰਦਰ ਜੀਨੈਟਿੱਕ ਸਿਸਟਿੱਮ ਵਿੱਚ ਅਧੂਰਾਪਣ ਹੁੰਦਾ ਹੈ। ਇਹਨਾਂ ਨੂੰ ਵੀ ਹੀਜੜੇ ਜਾਂ ਖੁਸਰੇ ਦਾ ਨਾਮ ਦਿੱਤਾ ਗਿਆ ਹੈ।

. . ਤੀਜੀ-ਚੌਥੀ ਸ਼੍ਰੇਣੀ ਦੇ ਸਰੀਰਾਂ ਦੀ ਗਿਣਤੀ, ਕੁੱਲ ਮਨੁੱਖਾ ਆਬਾਦੀ ਦਾ 1% ਤੋਂ ਵੀ ਘੱਟ ਹੈ।}}}}}

**. ਦੋਨੋਂ ਤਰਾਂ ਦੇ ਸਰੀਰਾਂ ਵਿੱਚ ਅੰਦਰੋਂ ਅਤੇ ਬਾਹਰੋਂ ਕੁੱਝ ਵੱਡੇ ਬੁੱਨਿਆਦੀ ਫਰਕ ਹਨ।**

1। **ਬਾਹਰ-** ਮਰਦ ਦੇ ਦਾਹੜੀ ਮੁੱਛਾਂ ਹਨ ਅਤੇ ਛਾਤੀ ਉੱਪਰ ਵਾਲ ਹੁੰਦੇ ਹਨ, ਔਰਤ ਦੇ ਨਹੀਂ ਹਨ। (ਕਈਆਂ ਔਰਤਾਂ ਦੇ ਹਾਰਮੋਨਲ ਬਦਲਾਅ ਕਰਕੇ ਦਾੜੀ ਮੁੱਛਾਂ ਆ ਜਾਦੀਆਂ ਹਨ। 100 ਵਿਚੋਂ ਕੋਈ 1 ਜਾਂ 2.

2। **ਬਾਹਰ-** ਮਰਦ ਅਤੇ ਔਰਤ ਦੇ ਜੀਨੈਟਿੱਕ ਅੰਗਾਂ (ਜਨਨ-ਪ੍ਰਕਿਰਿਆ ਲਈ ਵਰਤੇ ਜਾਣ ਵਾਲੇ ਅੰਗ) ਵਿੱਚ ਫਰਕ ਹੈ।

3। **ਬਾਹਰ-** ਮਰਦ ਦੇ ਅੰਡਕੋਸ਼ ਬਾਹਰ ਹਨ, ਔਰਤਾਂ ਦੇ ਅੰਡਕੋਸ਼ ਨਹੀਂ ਹੁੰਦੇ।

4। **ਬਾਹਰ-** ਮਰਦ ਦੇ ਛਾਤੀਆਂ ਨਹੀਂ ਉਭਰਦੀਆਂ। ਔਰਤ ਦੇ ਬਾਹਰ ਛਾਤੀਆਂ ਉੱਭਰ ਆਉਂਦੀਆਂ ਹਨ।

5। **ਬਾਹਰ-** ਬੱਚੇ ਨੂੰ ਦੁੱਧ ਚੁਘਾਉਣ ਲਈ ਔਰਤ ਦੇ ਸਰੀਰ ਵਿੱਚ ਦੋ ਥਨ/ਛਾਤੀਆਂ ਬਣ ਜਾਂਦੀਆਂ ਹਨ। ਮਰਦ ਦੇ ਨਹੀਂ ਉਭਰਦੀਆਂ।

6। **ਅੰਦਰ-** ਮਰਦ ਦੇ ਜੀਨੈਟਿੱਕ ਅੰਗਾਂ ਵਿੱਚ ਸੰਤਾਨ ਉੱਤਪੱਤੀ ਲਈ ਅੰਡਕੋਸ਼ਾਂ ਵਿੱਚ ਸ਼ੁਕਰਾਨੂੰ ਪੈਦਾ ਹੁੰਦੇ ਹਨ।

7। **ਅੰਦਰ-** ਔਰਤ ਦੇ ਅੰਦਰ ਸੰਤਾਨ ਉੱਤਪੱਤੀ ਲਈ ਫੈਲੋਪਿੰਨ ਟਿਊਬ ਵਿੱਚ ਅੰਡਾ ਤਿਆਰ ਹੁੰਦਾ ਹੈ।

8। **ਅੰਦਰ- ਔਰਤ ਦੇ ਅੰਦਰ ਬੱਚੇ ਦਾਨੀ ਹੁੰਦੀ ਹੈ।**


9। **ਮਰਦ-** ਸਰੀਰਿੱਕ ਅਤੇ ਮਾਨਸਿੱਕ ਤੌਰ ਤੇ ਔਰਤ ਨਾਲੋਂ ਮਜ਼ਬੂਤ ਅਤੇ ਤੱਕੜੇ ਹੁੰਦੇ ਹਨ।


10।**ਔਰਤ-** ਸਰੀਰਿੱਕ ਅਤੇ ਮਾਨਸਿੱਕ ਤੌਰ ਤੇ ਸੋਹਲ ਅਤੇ ਕੋਮਲ ਮਮਤਾਂ ਭਾਵਾਂ ਵਾਲੀ ਹੁੰਦੀ ਹੈ।

11।**ਮਰਦ ਅਤੇ ਔਰਤ-** ਦੇ ਆਪਸੀ ਸਰੀਰਿੱਕ ਸੰਬੰਧਾਂ ਕਰਕੇ, ਮਰਦ ਦੇ ਸਰੀਰ ਵਿਚੋਂ ਸ਼ੁਕਰਾਨੂੰ ਔਰਤ ਦੇ ਸਰੀਰ ਵਿੱਚ ਅੰਡੇ ਦੇ ਪਾਸ ਜਾਂਦੇ ਹਨ। ਸ਼ੁਕਰਾਨੂੰ ਦੇ ਅੰਡੇ ਦੇ ਅੰਦਰ ਜਾਣ ਨਾਲ ਨਵੇਂ ਸਰੀਰ ਦੀ ਬਣਤਰ ਸੁਰੂ ਹੋ ਜਾਂਦੀ ਹੈ। 270 ਦਿਨ ਬਾਦ ਬੱਚਾ ਬਾਹਰ ਆ ਜਾਂਦਾ ਹੈ।

**### ਬੱਚੇ ਪੈਦਾ ਕਰਨਾ ਜਾਂ ਨਾ-ਕਰਨਾ: ਇਹ ਔਰਤ ਅਤੇ ਮਰਦ ਦਾ ਬੁਨਿਆਦੀ ਅਧਿਕਾਰ ਹੈ। ਪਰ ਕੁੱਦਰਤ ਨੇ ਦੋਨਾਂ ਨੂੰ ਇਸ ਕਾਬਿਲ ਬਣਾਇਆ ਹੈ, ਕਿ ਇਸ ਸੰਸਾਰ ਵਿੱਚ ਜੀਵਾਂ ਦਾ ਆਉਣਾ-ਜਾਣਾ ਬਣਿਆ ਰਹੇ। "ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥ ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥ ਸ਼ੇਖ ਫਰੀਦ ਜੀ॥ 488॥**

**. ਇਹਨਾਂ ਹੇਠਲੀਆਂ ਤਸਵੀਰਾਂ ਵਿੱਚ ਦੋਨਾਂ ਸਰੀਰਾਂ ਦੇ ਬੁਨਿਆਦੀ ਫਰਕਾ ਨੂੰ ਵੇਖਿਆ ਜਾ ਸਕਦਾ ਹੈ।**




. ਦੋਨਾਂ ਨਰ ਅਤੇ ਮਾਦਾ ਸਰੀਰਾਂ ਦੇ ਬਹੁਤ ਸਾਰੇ ਅੰਗਾਂ ਵਿੱਚ ਬਰਾਬਰਤਾ ਹੈ, ਸਿਰ, ਸਿਰ ਉੱਪਰ ਵਾਲ, ਦਿਮਾਗ਼, ਦੋ-ਦੋ ਅੱਖਾਂ, ਦੋ-ਦੋ ਕੰਨ, ਨੱਕ, ਮੂੰਹ, ਬਾਹਵਾਂ, ਲੱਤਾ, ਪੈਰ, ਉਗਲਾਂ-ਪੈਰਾਂ ਦੇ ਨਹੁੰ, **ਸਰੀਰ ਦੇ ਅੰਦਰ** ਵੀ ਬਹੁਤ ਅੰਗਾਂ ਵਿੱਚ ਸਮਾਨਤਾ ਹੈ। ਸਾਹ ਲੈਣ ਦਾ ਸਿਸਟਿਮ, ਖਾਣ ਦਾ ਸਿਸਟਿਮ, ਮੇਹਦਾ, ਲੀਵਰ, ਕਿੱਡਨੀਆਂ, ਛੋਟੀ ਆਂਤ, ਵੱਡੀ ਆਂਤ, ਹੱਡੀਆਂ ਦੇ ਢਾਚੇ ਵਿੱਚ ਮਾਮੂਲੀ ਫਰਕ ਨਾਲ ਬਹੁਤ ਕੁੱਝ ਬਰਾਬਰ ਹੈ।

. ਦੋਹਾਂ ਸਰੀਰਾਂ ਦੀ ਬਣਤਰ ਵਿੱਚ ਫ਼ਰਕ ਹੋਣ ਦੇ ਬਾਵਯੂਦ **'ਸੱਚ-ਕਰਤੇ-ਕਰਤਾਰ'** ਦੇ ਵਿੱਧੀ ਵਿਧਾਨ ਦੇ ਤਹਿਤ ਦੋਨਾਂ **'ਔਰਤ ਅਤੇ ਮਰਦ'** ਨੂੰ ਆਪਣੀ ਪੂਰਨ ਆਜ਼ਾਦੀ ਨਾਲ ਮਨੁੱਖਾ ਜੀਵਨ ਜਿਉਂਣ ਦਾ ਪੂਰਨ ਅਧਿਕਾਰ ਹੈ। ਉਹ ਆਪਣੀ ਮਨ ਦੀ ਮਰਜ਼ੀ ਨਾਲ ਆਪਣੇ ਫੈਸਲੇ ਲੈ ਸਕਦੇ ਹਨ। ਉਹਨਾਂ ਨੇ ਮਨੁੱਖਾ ਜੀਵਨ ਕਿਸ ਤਰਾਂ ਜਿਉਂਣਾ ਕਰਨਾ ਹੈ, ਇਹ ਉਹਨਾਂ ਦਾ ਨਿਜ਼ੀ ਫੈਸਲਾ ਹੈ।

. ਹਾਂ! ! ਦੋਨੋਂ ਨਰ ਅਤੇ ਮਾਦਾ, ਇੱਕ ਦੂਜੇ ਦੇ ਸਹਾਰੇ ਨਾਲ ਰਲ-ਮਿੱਲ ਕੇ ਰਹਿਣ ਦਾ ਫੈਸਲਾ ਵੀ ਕਰ ਸਕਦੇ ਹਨ। ਅਲੱਗ ਅਲੱਗ ਵੀ ਰਹਿ ਸਕਦੇ ਹਨ। ਅਲੱਗ ਅਲੱਗ ਰਹਿ ਕੇ ਨਰ ਅਤੇ ਮਾਦਾ 'ਬੱਚੇ' ਪੈਦਾ ਨਹੀਂ ਕਰ ਸਕਦੇ। ਬੱਚੇ ਪੈਦਾ ਕਰਨ ਲਈ ਦੋਨਾਂ ਦਾ ਸਰੀਰਿੱਕ ਸੰਬੰਧ ਬਨਣਾ ਜਰੂਰੀ ਹੈ।

. ਇੱਕ ਦੂਜੇ ਨਾਲ ਪਿਆਰ ਵੀ ਕਰ ਸਕਦੇ ਹਨ। ਇੱਕ ਦੂਜੇ ਤੋਂ ਕੁਰਬਾਨ ਵੀ ਹੋ ਸਕਦੇ ਹਨ, ਜਾ ਸਕਦੇ ਹਨ।

- ਉਹ ਆਪਣੀ ਆਜ਼ਾਦੀ ਨਾਲ ਸੋਚ-ਵਿਚਾਰ ਸਕਦੇ ਹਨ।
- ਉਹ ਆਪਣੀ ਆਜ਼ਾਦੀ ਨਾਲ ਬੋਲ-ਚਾਲ ਕਰ ਸਕਦੇ ਹਨ।
- ਉਹ ਆਪਣੀ ਆਜ਼ਾਦੀ ਨਾਲ ਖਾ ਅਤੇ ਪੀ ਸਕਦਦੇ ਹਨ।
- ਉਹ ਆਪਣੀ ਆਜ਼ਾਦੀ ਨਾਲ ਹੋਰਨਾ ਮਨੁੱਖਾਂ ਨਾਲ ਵਰਤ-ਵਰਤਾਅ ਕਰ ਸਕਦੇ ਹਨ।
- ਉਹ ਆਪਣੀ ਆਜ਼ਾਦੀ ਨਾਲ ਆਪਣਾ ਘਰ-ਪਰੀਵਾਰ ਬਣਾ ਸਕਦੇ ਹਨ।
- ਉਹ ਆਪਣੀ ਆਜ਼ਾਦੀ ਨਾਲ ਮਕਾਨ ਬਣਾ ਸਕਦੇ ਹਨ।
- ਉਹ ਆਪਣੀ ਆਜ਼ਾਦੀ ਨਾਲ ਆਪਣਾ ਜੀਵਨ-ਸਾਥੀ ਚੁਣ ਸਕਦੇ ਹਨ।
- ਉਹ ਆਪਣੀ ਆਜ਼ਾਦੀ ਨਾਲ ਬੱਚੇ ਪੈਦਾ ਸਕਦੇ ਹਨ।
- ਉਹਨਾਂ ਨੂੰ ਪੂਰਨ ਆਜ਼ਾਦੀ ਹੈ, ਆਪਣੀ ਮਰਜ਼ੀ ਨਾਲ ਆਪਣਾ ਜੀਵਨ ਜਿਉਂਣ ਦੀ।
-

."**ਸੱਚ-ਕਰਤੇ-ਕਰਤਾਰ**" ਵਲੋਂ ਦੋਨਾਂ ਸਰੀਰਾਂ ਨੂੰ ਪੂਰਨ ਆਜ਼ਾਦੀ ਦਿੱਤੀ ਗਈ ਹੈ, ਦੋਨੋਂ ਨਰ ਅਤੇ ਮਾਦਾ ਸਰੀਰ ਵਿਲੱਖਣ ਬਣਾਏ ਹਨ। ਸੁੱਖ-ਦੁੱਖ ਦੋਨਾਂ ਸਰੀਰਾਂ ਦੇ ਆਪਣੇ-ਆਪਣੇ ਹਨ। ਦੋਨੋਂ ਯੂਨੀਕ ਬਣਾਏ ਹਨ।

ਦੋਨਾਂ ਸਰੀਰਾਂ ਦੀਆਂ ਆਪਣੀਆਂ ਆਪਣੀਆਂ ਖੂਬੀਆਂ ਹਨ, ਵਿਸ਼ੇਸਤਾਈਆਂ ਹਨ। ਦੋਨੋਂ ਪੂਰਨ ਹਨ, ਪਰ ਸੰਤਾਨ ਉੱਤਪੱਤੀ ਲਈ ਦੋਨੋਂ ਇੱਕ ਦੂਸਰੇ ਦੇ ਸਹਿਯੋਗ ਉੱਪਰ ਨਿਰਭਰ ਹਨ।

.'ਮਰਦ' ਦੀ ਜਿਸਮਾਨੀ ਤਾਕਤ ਅਤੇ ਮਜ਼ਬੂਤ ਮਾਨਸਿੱਕ ਇਰਾਦੇ, ਦੂਰ ਅੰਦੇਸ਼ੀ ਕਰਕੇ ਮਨੁੱਖਾ ਸਮਾਜ ਵਿੱਚ 'ਮਰਦ' ਦੀ ਹਕੂਮਤ/ ਪ੍ਰਧਾਨਗੀ ਚੱਲਦੀ ਹੈ। **'ਮਰਦ-ਪ੍ਰਧਾਨ',** ਮਨੁੱਖਾ ਸਮਾਜ ਵਿੱਚ 'ਮਰਦ' ਨੇ ਆਪਣੀ ਮਰਜ਼ੀ ਦੇ ਕਾਇਦੇ-ਕਾਨੂੰਨ ਬਨਾਉਣੇ ਸੁਰੂ ਕਰ ਦਿੱਤੇ, ਕੀਤੇ ਹਨ। ਇਸ ਤਰਾਂ ਦਾ ਸਮਾਜਿਕ ਕਾਇਦੇ ਕਾਨੂੰਨ ਬਨਾਉਣ ਵਿੱਚ 'ਔਰਤ' ਨੇ ਆਪਣੀ ਤਾਕਤ, ਮਜ਼ਬੂਤ ਇਰਾਦੇ, ਅਤੇ ਮਾਨਸਿੱਕ ਦ੍ਰਿੜਤਾ ਨੂੰ ਵਰਤਣਾ ਨਹੀਂ ਕੀਤਾ, ਜਾਂ ਔਰਤ ਨੂੰ ਮੌਕਾ ਹੀ ਨਹੀਂ ਦਿੱਤਾ ਗਿਆ। ਮਨੁੱਖਾ ਸਮਾਜ ਦੇ ਜਿਆਦਾ ਕਾਇਦੇ ਕਾਨੂੰਨ 'ਮਰਦ-ਮਨੁੱਖ' ਨੂੰ ਹੀ ਹੱਕ ਅਧਿਕਾਰ ਦਿੰਦਾ ਹੈ. ਤਾਂ ਹੀ ਤਾਂ, ਮਨੁੱਖਾ ਸਮਾਜ **'ਮਰਦ-ਪ੍ਰਧਾਨ'** ਸਮਾਜ ਬਣ ਗਿਆ।

. ਆਪਣੀਆਂ ਸਰੀਰਿੱਕ ਕਮਜ਼ੋਰੀਆਂ, ਕੁੱਦਰਤੀ-ਮਜ਼ਬੂਰੀਆਂ, ਨਰਮ ਅਤੇ ਮਮਤਾ ਭਰੇ ਸੁਭਾਅ ਕਰਕੇ 'ਔਰਤ' ਨੇ 'ਮਰਦ' ਦੀ ਹਾਂ ਵਿੱਚ ਹਾਂ ਮਿਲਾਉਣ ਵਿੱਚ ਬਿਹਤਰੀ ਸਮਝੀ ਹੋਵੇਗੀ। ਇਸੇ ਲਈ ਮਨੁੱਖਾ 'ਮਰਦ-ਪ੍ਰਧਾਨ' ਸਮਾਜ ਵਿੱਚ ਔਰਤ ਨੂੰ ਦੋ ਨੰਬਰ ਦਾ ਸਥਾਨ ਪ੍ਰਾਪਤ ਹੈ।

. 21ਵੀਂ ਸਦੀ ਵਿੱਚ ਔਰਤਾਂ ਵੀ ਆਪਣੇ ਹੱਕਾਂ/ਅਧਿਕਾਰਾਂ ਲਈ ਜਾਗਰਤ ਹੋ ਰਹੀਆਂ ਹਨ।

- ਮਰਦ ਦੇ ਬਰਾਬਰ ਕੰਮਕਾਰ ਕਰਦੀਆਂ ਔਰਤਾਂ,
- ਘਰ-ਬਾਰ ਦੀ ਸਾਂਭ-ਸੰਭਾਲ, ਅਤੇ ਸਫ਼ਾਈ,
- ਅਤੇ ਆਪਣੇ ਪੈਦਾ ਕੀਤੇ ਬੱਚਿਆਂ ਦੀ ਪਰਵਰਿਸ਼ ਕਰਦੀਆਂ ਔਰਤਾਂ,
- ਮਰਦ ਦੇ ਜੀਵਨ ਦੀਆਂ ਲੋੜਾਂ ਪੂਰੀਆਂ ਕਰਦੀਆਂ ਔਰਤਾਂ,
- ਆਏ ਗਏ ਪ੍ਰਾਹੁਣਿਆਂ ਦੀ ਸੇਵਾ ਸੰਭਾਲ, ਖਾਣ-ਪੀਣ ਦਾ ਪਰਬੰਧ ਕਰਦੀਆਂ ਔਰਤਾਂ,
-

**. ਸਿੱਖ ਸਮਾਜ ਵਿੱਚ ਔਰਤ ਦਾ ਦਰਜ਼ਾ, ਮਾਨ-ਸਨਮਾਨ:**

. ਬਾਬੇ ਨਾਨਕ ਦੇ ਆਗਮਨ ਵੇਲੇ ਮਨੁੱਖਾ ਸਮਾਜ ਵਿੱਚ ਔਰਤਾਂ ਦੀ ਹਾਲਤ ਬਹੁਤ ਮਾੜੀ ਸੀ। ਬਾਬੇ ਨਾਨਕ ਤੋਂ ਪਹਿਲਾਂ ਵੀ ਭਗਤਾਂ ਨੇ ਔਰਤਾਂ ਦੇ ਬਰਾਬਰੀ ਦੇ ਹੱਕਾਂ ਅਧਿਕਾਰਾਂ ਦੀ ਆਵਾਜ਼ ਉਠਾਈ। ਸਨਾਤਨ ਸਮਾਜ ਵਿੱਚ ਔਰਤਾਂ ਨੂੰ ਉਹਨਾਂ ਦੇ ਪਤੀ ਦੇ ਮਰ ਜਾਣ ਤੇ ਪਤੀ ਦੇ ਨਾਲ ਹੀ ਸਾੜ ਦਿੱਤਾ ਜਾਂਦਾ। ਇਸ ਨੂੰ ਸਤੀ ਪ੍ਰਥਾ ਕਹਿੰਦੇ ਸਨ। ਤੀਜੇ ਸਤਿਗੁਰੂ ਗੁਰੁ ਅਮਰਦਾਸ ਜੀ ਨੇ ਇਹ ਸਤੀ ਪ੍ਰਥਾ ਪੰਜਾਬ ਖੇਤਰ ਵਿੱਚ ਬੰਦ ਕਰਵਾਉਣੀ ਕੀਤੀ।

**. ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਾਰੇ॥ ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ॥ ਕਬੀਰ ਜੀ॥ 1349॥**

. ਪੰਜਾਬ ਵਿੱਚ ਗੁਰੁ ਸਾਹਿਬਾਨਾਂ ਵਲੋਂ 239 ਸਾਲ ਦੇ ਪ੍ਰਚਾਰ-ਪ੍ਰਸਾਰ ਦੇ ਬਾਅਦ ਬਹੁਤ ਬਦਲਾਅ ਆ ਗਿਆ। ਕਿਉਂਕਿ ਗੁਰੂ ਸਾਹਿਬਾਨਾਂ ਦਾ ਮਨੁੱਖਾ ਸਮਾਜ ਵਿੱਚ ਸੁਧਾਰ ਲਿਆਉਣ ਦਾ ਮੁੱਖ ਮਕਸਦ ਹੀ **'ਲੋਕ-ਭਲਾਈ'** ਸੀ।

. 239 ਸਾਲ ਦੇ ਗੁਰੂ ਕਾਲ ਵਿੱਚ ਗੁਰੂ ਸਾਹਿਬਾਨਾਂ ਦੀਆਂ ਪਤਨੀਆਂ/ਮਹਿਲਾਂ ਨੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਆਪਣਾ ਬਣਦਾ ਯੋਗਦਾਨ ਪਾਉੇਂਣਾ ਕੀਤਾ।




- ਤਾਂ ਜੋ ਲੋਕ ਆਪਣੇ ਹੱਕਾਂ, ਅਧਿਕਾਰਾਂ ਪ੍ਰਤੀ ਜਾਗਰੂਕ ਹੋ ਸਕਣ।
- ਜਾਗ ਸਕਣ, ਆਜ਼ਾਦੀ ਨਾਲ ਆਪਣਾ ਜੀਵਨ ਜਿਉਂ ਸਕਣ।

- ਇਸਤ੍ਰੀ/ਔਰਤ ਨੂੰ ਉਹਦੇ ਹੱਕਾਂ/ਅਧਿਕਾਰਾਂ ਪ੍ਰਤੀ ਜਗਾਉਣਾ ਕੀਤਾ।
- ਮਨੁੱਖਾ ਸਮਾਜ ਵਿੱਚ ਔਰਤ-ਮਰਦ ਵਿੱਚ ਬਰਾਬਰਤਾ ਵਾਲਾ ਰਿਸ਼ਤਾ ਬਣਿਆ ਰਹੇ।
- ਮਰਦ ਦੇ ਮੋਢੇ ਦੇ ਨਾਲ ਮੋਢਾ ਲਾ ਕੇ ਪਰੀਵਾਰ ਅਤੇ ਹੋਰ ਲੋਕ ਭਲਾਈ ਦੇ ਕੰਮਾਂ ਵਿੱਚ ਸਾਥ ਨਿਭਾਉਣਾ।

.

**. ਸਮੇਂ ਦੇ ਵਹਾਵ ਦੇ ਨਾਲ ਸਿੱਖ ਸਮਾਜ ਵਿੱਚ ਪੁਜਾਰੀ-ਲਾਣੇ/ਗਰੰਥੀਆਂ ਨੇ ਵੀ ਬ੍ਰਾਹਮਣ ਦੀਆਂ ਬਣਾਈਆਂ, ਅਪਨਾਈਆਂ ਪਾਰੰਪਰਾਵਾਦੀ 'ਔਰਤ' ਸ਼੍ਰੇਣੀ ਦੇ ਖਿਲਾਫ਼ ਘੜੀਆਂ ਨੀਤੀਆਂ ਨੂੰ ਅਪਨਾਅ ਲਿਆ। ਇਸੇ ਬ੍ਰਾਹਮਣੀ ਸੋਚ ਕਰਕੇ ਸਿੱਖ ਸਮਾਜ ਦੇ ਪੁਜਾਰੀਆਂ/ਗਰੰਥੀਆਂ ਨੇ ਸਿੱਖ ਔਰਤ ਪ੍ਰਤੀ ਵੀ ਉਸੇ ਭਾਵਨਾ ਨਾਲ 'ਬੰਦਿਸ਼ਾਂ', ਰੋਕਾਂ ਲਾਉਣੀਆਂ ਸੁਰੂ ਕਰ ਦਿੱਤੀਆਂ। ਉਹੀ ਬੇਕਦਰੀ ਵਾਲੀ ਭਾਵਨਾ, ਨੀਵਾਂ ਵਿਖਾਉਣ ਵਾਲੀ ਬਿਰਤੀ ਨਾਲ 'ਸਿੱਖ-ਔਰਤ' ਨੂੰ ਉਸਦਾ ਬਣਦਾ ਮਾਨ-ਸਨਮਾਨ ਦੇਣਾ ਨਹੀਂ ਕੀਤਾ।**

- 'ਸਿੱਖੀ' 'ਸਿਧਾਂਤਾਂ ਅਸੂਲਾਂ' ਦੇ ਅਨੁਸਾਰ, ਸਿੱਖ ਔਰਤ ਨੂੰ ਸਿੱਖ ਮਰਦ ਦੇ ਬਰਾਬਰ ਵਾਲਾ ਆਦਰ, ਮਾਣ-ਸਤਿਕਾਰ ਦਿੱਤਾ ਜਾਣਾ ਚਾਹੀਦਾ ਹੈ।
- ਖੰਡੇ ਦੀ ਪਾਹੁਲ ਲੈਣ ਲਈ ਔਰਤ ਨੂੰ ਵੀ ਪੂਰਨ ਅਜ਼ਾਦੀ ਹੈ।
- ਸਿੱਖ-ਔਰਤ ਸਾਰੇ ਧਾਰਮਿਕ ਸਮਾਗਮਾਂ ਵਿੱਚ ਆਪਣਾ ਬਣਦਾ ਯੋਗਦਾਨ ਪਾ ਸਕਦੀ ਹੈ।
- ਦੋਨੋਂ ਸਿੱਖ ਮਰਦ ਅਤੇ ਔਰਤ ਸਿੱਖ ਸਮਾਜ ਵਿੱਚ ਬਰਾਬਰ ਦੇ ਹੱਕਾਂ ਅਧਿਕਾਰਾ ਦੇ ਮਾਲਿਕ ਹਨ।
- ਦੋਨੋਂ 'ਸਿੱਖੀ-ਗੁਰਬਾਣੀ' ਦੇ ਪ੍ਰਚਾਰ-ਪ੍ਰਸਾਰ ਲਈ ਆਪਣੇ ਵਲੋਂ ਉੱਦਮ ਉਪਰਾਲੇ ਕਰ ਸਕਦੇ ਹਨ।

**## ਪਰ ਸਿੱਖ ਪੁਜਾਰੀਆਂ/ਗਰੰਥੀਆਂ ਨੇ 'ਸਿੱਖ-ਔਰਤ' ਨੂੰ ਦਰਬਾਰ ਸਾਹਿਬ ਵਿੱਚ ਕੀਰਤਨ ਕਰਨ ਤੋਂ ਮਨ੍ਹਾਂ ਕਰ ਰੱਖਿਆ ਹੈ।**

**. ਦਰਬਾਰ ਸਾਹਿਬ ਅੰਦਰ 'ਸਿੱਖ-ਔਰਤ' ਸੇਵਾ ਨਹੀਂ ਕਰ ਸਕਦੀ।**

**. ਇਸ 'ਬੰਦਿਸ਼/ਮਨਾਹੀ/ਰੋਕ' ਪਿੱਛੇ ਦਲੀਲ਼ ਦਿੱਤੀ ਜਾਂਦੀ ਹੈ ਕਿ ਔਰਤ ਨੂੰ ਮਹਾਂਵਾਰੀ ਆਉਣ ਕਰਕੇ ਔਰਤ ਅਪਵਿੱਤਰ ਹੋ ਜਾਂਦੀ ਹੈ।**

**. ਅਗਿਆਨਤਾ ਵੱਸ ਇਹ ਪੁਜਾਰੀ/ਗਰੰਥੀ ਟੋਲਾ 'ਸਬਦ ਗੁਰੂ ਗਰੰਥ' ਦੇ ਪੰਨਾ 472, 'ਆਸਾ ਦੀ ਵਾਰ' ਦੀ 17 ਪਉੜੀ ਦੇ ਦੂਜੇ ਸਲੋਕ ਵਿੱਚ ਦਰਜ਼ ਇੱਕ ਪੰਕਤੀ "ਜਿਉਂ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ" ਦਾ ਸਹਾਰਾ ਲੈ ਕੇ ਆਪਣਾ ਡਿਕਟੇਟਰੀ ਹੁਕਮ ਚਲਾਉਣਾ ਕਰਦੇ ਹਨ।**

**. ਜਦੋਂ ਕਿ 'ਗੁਰਬਾਣੀ' ਦੀ ਇਸ ਪੰਕਤੀ ਦਾ 'ਔਰਤ' ਦੇ ਮਹਾਂਵਾਰੀ ਆਉਣ ਜਾਂ ਖਤਮ ਹੋਣ ਨਾਲ ਕੋਈ ਸੰਬੰਧ ਹੈ ਹੀ ਨਹੀਂ ਹੈ। ਇਹ ਇੱਕ ਉਦਾਹਰਨ ਹੈ, ਹਵਾਲਾ ਹੈ, ਵੇਰਵਾ ਹੈ, ਐਗਜ਼ੰਮਪਲ ਹੈ, ਪ੍ਰਮਾਣ ਹੈ- ਦੇ ਦੇ ਕੇ ਪੰਡਿਤ/ਬ੍ਰਾਹਮਣ/ਪੁਜਾਰੀ ਨੂੰ ਸਮਝਾਉਣਾ ਕੀਤਾ ਹੈ. . . ਕਿ (ਜਿਉ) ਜਿਸ ਤਰਾਂ (ਜੋਰੂ) ਔਰਤ ਨੂੰ (ਸਿਰਨਾਵਣੀ) ਮਹਾਂਵਾਰੀ, (ਸਿਰ- ਨਾਵਣੀ- ਸਿਰ ਜਾਣੀ ਵਾਲਾਂ ਦਾ ਸਾਫ਼ ਕਰਨਾ- ਸਿਰ-ਨਾਹਾਉਣਾ) (ਆਵੈ) ਆਉਂਦੀ ਹੈ, (ਵਾਰ ਵਾਰ) ਭਾਵ ਹਰ ਮਹੀਨੇ ਬਾਰ ਬਾਰ ਆਉਂਦੀ ਹੈ (ਅੰਦਰੋਂ ਆਉਂਦੀ ਹੈ, ਬਾਹਰੋਂ ਨਹੀਂ ਲਿਆਂਦੀ ਜਾਂਦੀ। ਕੁੱਦਰਤੀ ਕਿਰਿਆ ਸਰੀਰ ਵਿੱਚ ਵਾਪਰਦੀ ਹੈ)।** ਠੀਕ ਉਸੇ ਤਰਾਂ. . . ਹੇ! ਪੰਡਿਤ/ਪੁਜਾਰੀ/ਗਰੰਥੀ! ! ! ਜੂਠਾ ਮੂੰਹ ਹਮੇਸ਼ਾਂ ਹੀ ਬਾਰ ਬਾਰ ਜੂਠਾ ਹੁੰਦਾ ਰਹਿੰਦਾ ਹੈ, ਉਹ ਸੁੱਚਾ ਨਹੀਂ ਹੁੰਦਾ, ਹਰ ਰੋਜ਼ ਉਸਦੀ ਬੇਕਦਰੀ ਹੁੰਦੀ ਹੈ। ਜਿਹੜੇ ਮਨੁੱਖ ਆਪਣਾ ਸਰੀਰ ਧੋ ਕੇ ਆਪਣੇ-ਆਪ ਨੂੰ ਸੁੱਚਾ

ਮੰਨਦੇ ਹਨ, ਉਹ ਸੁੱਚੇ ਨਹੀਂ ਆਖੇ ਜਾ ਸਕਦੇ। ਸੁੱਚੇ ਤਾਂ ਸਿਰਫ਼ ਉਹੀ ਹਨ ਜਿਹਨਾਂ ਦੇ ਮਨਾਂ ਵਿੱਚ ਸਚਿਆਰਤਾ ਵਾਲੇ ਗੁਣਾਂ (ਸੋਇ) ਦਾ ਵਾਸਾ ਹੋ ਗਿਆ।

. ਸਲੋਕ ਮ 1॥ ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥ ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥ ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥ 1॥ **ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ॥** ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥ ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥ 2॥ ਪਉੜੀ॥ ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ॥ ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰ ਪਾਸਾਰਿਆ॥ ਚੀਜ ਕਰਨ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ॥ ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ॥ ਜਰੁ ਆਈ ਜੋਬਨਿ ਹਾਰਿਆ॥ 17॥

. ਸਿਰਫ਼ 'ਗੁਰਬਾਣੀ' ਦੀ ਇਸ ਇੱਕ ਪੰਕਤੀ ਨੂੰ ਆਧਾਰ ਬਣਾ ਕੇ 'ਸਿੱਖ-ਔਰਤ' ਨੂੰ ਉਸਦੇ ਧਾਰਮਿੱਕ ਹੱਕਾਂ ਅਧਿਕਾਰਾਂ ਤੋਂ ਵਾਂਝੇ ਰੱਖਣਾ/ਕਰਨਾ ਸਰਾਸਰ 'ਸਿੱਖ ਔਰਤ' ਨਾਲ ਨਾ-ਇਨਸਾਫੀ ਹੈ। ਜਦੋਂ ਕਿ ਇਹ ਪੰਕਤੀ ਕਿਸੇ ਤਰਾਂ ਨਾਲ ਵੀ ਔਰਤ ਨੂੰ ਅਪਵਿੱਤਰ ਨਹੀਂ ਕਹਿੰਦੀ/ਮੰਨਦੀ।

. ਤਾਂ ਤੇ ਇਹ ਸਰਾਸਰ 'ਸਿੱਖ-ਔਰਤ' ਨਾਲ ਧੱਕਾ ਹੈ।

. ਫਿਰ ਬਰਾਬਰਤਾ ਕਿਥੇ ਰਹਿ ਗਈ ? ?

. ਉਹ ਔਰਤ, ਜੋ ਬੇਟੀ ਹੈ, ਭੈਣ ਹੈ, ਪਤਨੀ ਹੈ, ਮਾਂ ਹੈ, ਅਸੀਂ ਸਿੱਖ-ਮਰਦ ਉਸਨੂੰ ਘਟੀਆ/ਨੀਵਾਂ ਨਹੀਂ ਪ੍ਰਮਾਣਿਤ ਕਰ ਰਹੇ ? ? ? ?

. ਸਾਡੀਆਂ ਧਾਰਮਿੱਕ ਸੰਸਥਾਵਾਂ ਦੇ ਸਾਰੇ ਕੰਟਰੋਲਰ ਮਰਦ ਕਿਸੇ ਨਾ ਕਿਸੇ ਮਾਂ ਤੋਂ ਹੀ ਪੈਦਾ ਹੋਏ ਹਨ, ਉਹਨਾਂ ਨੂੰ ਸ਼ਰਮ ਨਹੀਂ ਆਉਂਦੀ ? ? ?

. ਉਸੇ ਔਰਤ, ਬੇਟੀ, ਭੈਣ, ਪਤਨੀ, ਮਾਂ ਨਾਲ ਸਾਡਾ ਵਾਹ-ਵਾਸਤਾ ਹਰ ਰੋਜ਼ ਆਪਣੇ ਘਰਾਂ ਵਿੱਚ ਪੈਂਦਾ ਹੈ, … ਪਰ ਆਪਣੇ ਧਾਰਮਿੱਕ ਸਥਾਨਾਂ ਵਿੱਚ ਅਸੀਂ ਐਨਾ ਵਿਤਕਰਾ ਕਰਦੇ ਹਾਂ। **ਇਸ ਵਿਤਕਰੇ ਦੀ ਵਜਹ ਹੈ ਬ੍ਰਾਹਮਣਵਾਦੀ-ਘਟੀਆ ਸੋਚ।**

. ਇਸ 'ਬ੍ਰਾਹਮਣਵਾਦੀ-ਸੋਚ' ਬੜੀ ਘਾਤਕ ਹੈ, ਇਸੇ ਘਟੀਆ-ਦਕੀਆ-ਨੂਸੀ ਸੋਚ ਕਰਕੇ ਸਿੱਖ ਸਮਾਜ ਵਿੱਚ 'ਨਾਨਕ ਫਲਸ਼ਫਾ' ਲਾਗੂ ਨਹੀਂ ਹੋ ਸਕਿਆ, 'ਗੁਰਮੱਤ' ਕਦਰਾਂ-ਕੀਮਤਾਂ ਦੀ ਕੋਈ ਪੁੱਛ ਪੜਤਾਲ ਨਹੀਂ ਹੈ।

**. ਸਿੱਖਾਂ ਦੇ ਹਰ ਮੁੱਖ ਧਾਰਮਿੱਕ ਸਥਾਨ ਵਿੱਚ ਬ੍ਰਾਹਮਣ/ਪੁਜਾਰੀ/ਪਾਂਡੇ ਦੀਆਂ ਬਣਾਈਆਂ ਘੜੀਆਂ ਮੰਦਿਰਾਂ ਵਿੱਚ ਪ੍ਰਚੱਲਤ ਰਸਮਾਂ-ਰਿਵਾਜ਼ਾਂ, ਮਾਨਤਾਵਾਂ, ਮਨਾਉਤਾਂ ਦਾ ਜ਼ੋਰ ਹੈ, ਬੋਲਬਾਲਾ ਹੈ।**

. ਦਰਬਾਰ ਸਾਹਿਬ ਦੇ ਦਰਸਨਾਂ ਲਈ ਲੱਖਾਂ ਹੀ ਸਿੱਖ ਸੰਗਤਾਂ ਆਪਣੀ ਸਰਧਾ ਅਨੁਸਾਰ ਆਉਂਦੀਆਂ ਜਾਂਦੀਆਂ ਹਨ, ਪਰ ਅਨਪੜ੍ਹਤਾ, ਅਗਿਆਨਤਾ ਦੇ ਕਰਕੇ ਉਹ ਉਸ ਅਸਥਾਨ ਤੋਂ ਕੁੱਝ **'ਲੁੱਟ'** ਕੇ ਨਹੀਂ ਲਿਆਉਂਦੀਆਂ, ਬਲਕਿ ਆਪ ਖੁਦ ਉਸ ਜਗਹ ਤੇ ਆਪਣੇ ਆਪ ਨੂੰ **'ਲੁਟਾ'** ਕੇ ਆਉਂਦੀਆਂ ਹਨ। ਉਥੋਂ ਦੇ ਪੁਜਾਰੀਆਂ/ਗਰੰਥੀਆਂ ਨੇ ਸਿਸਟਿਮ ਹੀ ਅਜੇਹਾ ਬਣਾਇਆ ਹੈ।

. ਤੁਹਾਨੂੰ, ਕੇਵਲ 10 ਸੈਕਿੰਡ ਮਿਲਦੇ ਹਨ ਆਪਣਾ 500/1000/2000 ਦਾ ਨੋਟ ਉਥੇ ਰੱਖਣ ਲਈ। 10 ਸੈਕਿੰਡ ਬਾਦ ਤੁਹਾਨੂੰ ਧੱਕੇ ਮਾਰ ਕੇ ਬਾਹਰ ਕਰ ਦਿੱਤਾ ਜਾਂਦਾ ਹੈ। ਤੁਸੀਂ ਪਹਿਲਾਂ ਹੀ ਬਾਹਰ ਇਹਨਾਂ 10 ਸੈਕਿੰਡਾਂ ਲਈ 3 ਤੋਂ 4 ਘੰਟੇ ਭੀੜ ਵਿੱਚ ਖੜ੍ਹਕੇ, ਇੰਤਜ਼ਾਰ ਕੀਤਾ। ਕੀ ਖੱਟਿਆ ਉਥੇ ਜਾ ਕੇ? ਕੇਵਲ ਮਨ ਨੂੰ ਤਸੱਲੀ ਹੋਈ ਤੀਰਥ ਯਾਤਰਾ ਕਰਕੇ। ਵਰਨਾ ਗਿਆਨ ਪ੍ਰਾਪਤੀ ਜ਼ੀਰੋ ਹੀ ਰਹੀ।




. ਕੀ ਉਥੇ ਪੜ੍ਹੀ ਗਈ 'ਗੁਰਬਾਣੀ' ਪੰਕਤੀ ਦਾ ਕੋਈ ਲਫਜ਼ ਸਮਝ ਆਇਆ ? ਨਹੀਂ। . ਉੱਥੇ ਬੈਠ ਕੇ ਬਾਣੀ ਸੁਨਣ ਦਾ ਮੌਕਾ ਮਿਲਿਆ ? ? ਮੌਕਾ ਮਿਲਿਆ ਹੀ ਨਹੀਂ। ਉਥੇ ਦਾ ਮਹੌਲ ਹੀ ਕੇਵਲ ਪੂਜਾ ਕਰਨ ਕਰਾਉਣ ਵਾਲਾ ਬਣਾਇਆ ਗਿਆ ਹੈ। . ਕੀ 'ਗੁਰਬਾਣੀ ਗਿਆਨ' ਦਾ ਕੋਈ 'ਗੁਰ' ਤੁਹਾਡੇ ਪੱਲੇ ਪਿਆ ? ?

**. . ਲੋੜ ਹੈ! ! ਸਿੱਖ ਸਮਾਜ ਨੂੰ ਪੁਜਾਰੀਆਂ/ਗਰੰਥੀਆਂ ਦੇ ਚੁੱਗਲ ਵਿਚੋਂ ਨਿਕਲਣ ਦੀ। ਫੋਕੀਆਂ/ਘਟੀਆ ਬ੍ਰਾਹਮਣੀ ਮਾਨਤਾਵਾਂ ਨੂੰ ਤੋੜਨ ਦੀ। ਨਿਰੋਲ ਨਾਨਕ-ਫਲਸ਼ਫਾ ਸਮਝਣ ਦੀ। ਗੁਰਬਾਣੀ-ਗਿਆਨ-ਵਿਚਾਰ ਨੂੰ ਸਮਝਕੇ ਆਪਣੇ ਜੀਵਨ ਵਿੱਚ ਲਾਗੂ ਕਰਨ ਦੀ।**

**(. . . . . . . . . ਚਲਦਾ)**

**ਇੰਜ ਦਰਸਨ ਸਿੰਘ ਖਾਲਸਾ**

**31 ਅਗਸਤ 2019**